# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, E Block, 5ਵੀ ਮੰਜ਼ਿਲ, ਫੇਜ਼-8, ਐਸ.ਏ.ਐਸ. ਨਗਰ

## ਪਬਲਿਕ ਨੋਟਿਸ

ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਅਧੀਨ ਚੱਲ ਰਹੀਆਂ ਵੱਖ-ਵੱਖ ਸੋਸਾਇਟੀਆਂ ਅਧੀਨ ਠੇਕੇ ਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰੋਸਟਰ ਮੁਤਾਬਿਕ Proper Procedure ਰਾਂਹੀ ਨਾਨ-ਟੀਚਿੰਗ ਸਟਾਫ, ਟੀਚਿੰਗ ਸਟਾਫ ਅਤੇ ਹੋਰ ਤਰ੍ਹਾਂ ਦਾ ਸਟਾਫ ਆਦਿ ਨਿਯੁਕਤ ਕੀਤਾ ਗਿਆ ਹੈ, ਪਰ ਜਦੋ ਵੀ ਕੋਈ ਰੈਗੂਲਰ ਭਰਤੀ ਕੀਤੀ ਜਾਂਦੀ ਹੈ ਤਾਂ ਇਨਾਂ ਸੋਸਾਇਟੀਆਂ ਅਧੀਨ ਠੇਕੇ ਤੇ ਕੰਮ ਕਰਦੇ ਨਾਨ-ਟੀਚਿੰਗ ਸਟਾਫ, ਟੀਚਿੰਗ ਸਟਾਫ ਅਤੇ ਹੋਰ ਤਰ੍ਹਾਂ ਦਾ ਸਟਾਫ ਵੱਲੋਂ ਇਨਾਂ ਅਸਾਮੀਆਂ ਤੇ ਅਪਲਾਈ ਕਰ ਦਿੰਦੇ ਹਨ। ਜਿਨਾਂ ਕਰਕੇ ਇਨਾਂ ਦਫ਼ਤਰਾਂ ਅਤੇ ਸਕੂਲਾਂ (ਜਿਵੇ ਕਿ ਮੁੱਖ ਦਫ਼ਤਰ, ਜਿਲ੍ਹਾ ਦਫ਼ਤਰ ਅਤੇ ਬਲਾਕ ਆਦਿ) ਵਿੱਚ ਅਸਾਮੀਆਂ ਖਾਲੀ ਹੋ ਜਾਂਦੀਆਂ ਹਨ। ਇਸ ਸੱਮਸਿਆ ਨੂੰ ਨਜਿੱਠਣ ਲਈ ਸਕੂਲ ਸਿੱਖਿਆ ਵਿਭਾਗ ਵਿੱਚ ਉਕਤ ਸੋਸਾਇਟੀਆਂ ਵਿੱਚ ਕੰਮ ਕਰਦੇ ਨਾਨ-ਟੀਚਿੰਗ ਸਟਾਫ, ਟੀਚਿੰਗ ਸਟਾਫ ਅਤੇ ਹੋਰ ਤਰ੍ਹਾਂ ਦਾ ਸਟਾਫ ਆਦਿ ਤੇ ਤਜਵੀਜਤ ਮਤਿਆਂ ਦੀ ਵਿਵਹਾਰਕਤਾ, ਕਾਨੂੰਨੀ ਅਤੇ ਵਿੱਤੀ ਅੜਚਨਾਂ ਦਾ ਵਿਸ਼ਲੇਸ਼ਨ ਕਰਨ ਅਤੇ ਢੁੱਕਵੀਆਂ ਸ਼ਿਫਾਰਸ਼ਾਂ ਕਰਨ ਲਈ ਸਰਕਾਰ ਵੱਲੋਂ ਕਮੇਟੀ ਨੂੰ ਰਿਪੋਰਟ ਪੇਸ਼ ਕਰਨ ਹਿੱਤ ਹੁਕਮ ਦਿੱਤੇ ਹਨ। ਕਮੇਟੀ ਦੀ ਤਜਵੀਜ਼ ਅਨੁਸਾਰ ਉਪਰੋਕਤ ਸਬੰਧੀ ਆਪ ਤੋਂ ਸੁਝਾਅ ਮਿਤੀ 2.12.2015 ਤੱਕ ਈ.ਮੇਲ educationpunjab.dgse@gmail.com ਰਾਂਹੀ ਮੰਗੇ ਜਾਂਦੇ ਹਨ। ਨਿਸ਼ਚਿਤ ਮਿਤੀ ਤੋਂ ਬਾਅਦ ਪ੍ਰਾਪਤ ਸੁਝਾਅ ਵਿਚਾਰੇ ਨਹੀਂ ਜਾਣਗੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ